# ਪੰਜਾਬ ਸਕੂਲ ਸਿੱਖਿਆ ਬੋਰਡ
## ਸੂਚਨਾ/ਸ਼ਡਿਊਲ

**ਸੈਸ਼ਨ 2025-26 ਲਈ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦਾ ਨਤੀਜਾ ਬੋਰਡ ਦੇ ਆਨ-ਲਾਈਨ ਪੋਰਟਲ ਵਿੱਚ ਅੱਪਲੋਡ ਕਰਨ ਅਤੇ ਆਨ-ਲਾਈਨ ਟਰਾਂਸਫਰ ਸਰਟੀਫਿਕੇਟ ਜਨਰੇਟ ਕਰਨ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2025-26 ਲਈ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦਾ ਨਤੀਜਾ ਸਕੂਲਾਂ ਦੀ ਲਾਗਇੰਨ ਆਈ. ਡੀ. ਰਾਹੀਂ ਆਨ-ਲਾਈਨ ਪੋਰਟਲ ਤੇ ਅਪਲੋਡ, ਫਾਈਨਲ ਸਬਮਿਸ਼ਨ ਅਤੇ ਸੋਧ ਕਰਨ ਸਬੰਧੀ ਹੇਠ ਲਿਖੇ ਅਨੁਸਾਰ ਸ਼ਡਿਊਲ ਨਿਰਧਾਰਿਤ ਕੀਤਾ ਜਾਂਦਾ ਹੈ:-

| | **ਨਿਰਧਾਰਿਤ ਮਿਤੀ** | **ਪੱਧਰ** |
|---|---|---|
| ਬਿਨਾਂ ਫੀਸ ਦੇ | 01-04-2026 ਤੋਂ 30-04-2026 ਤੱਕ | ਸਕੂਲ ਪੱਧਰ ਤੇ |
| **ਨਿਰਧਾਰਿਤ ਮਿਤੀ 30-04-2026 ਤੋਂ ਬਾਅਦ ਜੁਰਮਾਨਾ/ਸੋਧ ਫੀਸ ਪ੍ਰਤੀ ਵਿਦਿਆਰਥੀ ਆਨਲਾਈਨ ਵਿਧੀ ਰਾਹੀਂ** | | |
| 200/-ਰੁ: | 01-05-2026 ਤੋਂ 15-05-2026 ਤੱਕ | ਸਕੂਲ ਪੱਧਰ ਤੇ |
| 1000/-ਰੁ: | 16-05-2026 ਤੋਂ ਬਾਅਦ ਸੈਸ਼ਨ 2026-27 ਦੇ ਦਾਖਲੇ ਦੀ ਅੰਤਿਮ ਮਿਤੀ ਤੱਕ | ਸਕੂਲ ਪੱਧਰ ਤੇ |

ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸੈਸ਼ਨ 2025-26 ਲਈ ਨੌਵੀਂ ਅਤੇ ਗਿਅਰ੍ਹਵੀਂ ਸ਼੍ਰੇਣੀਆਂ ਦੇ ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਜਿਨ੍ਹਾਂ ਦੇ ਦਸਤਾਵੇਜ ਅਧੂਰੇ ਜਾਂ ਸਹੀ ਨਾ ਹੋਣ ਕਾਰਨ ਰਜਿਸਟ੍ਰੇਸ਼ਨ ਨੰਬਰ ਜਾਰੀ ਨਹੀਂ ਹੋਏ ਅਤੇ Online Error ਲੱਗੇ ਹੋਏ ਹਨ, ਦਾ ਨਤੀਜਾ By-Default RLE ਹੀ Show ਹੋਵੇਗਾ। ਲੋੜੀਂਦੇ/ਸਹੀ ਦਸਤਾਵੇਜ ਰਜਿਸਟ੍ਰੇਸ਼ਨ ਸ਼ਾਖਾ ਵਿੱਚ ਜਮ੍ਹਾਂ ਕਰਵਾਕੇ ਰਜਿਸਟ੍ਰੇਸ਼ਨ ਨੰਬਰ ਜਾਰੀ ਕਰਵਾਉਣ ਉਪਰੰਤ ਹੀ ਅਸਲ ਨਤੀਜਾ ਆਨ-ਲਾਈਨ ਭਰਿਆ ਜਾ ਸਕੇਗਾ।

ਸਕੂਲ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦਾ ਨਤੀਜਾ ਆਨ-ਲਾਈਨ Enter ਕਰਦੇ ਸਮੇਂ ਧਿਆਨਪੂਰਵਕ Enter ਕੀਤਾ ਜਾਵੇ ਅਤੇ Final Submission ਕਰਨ ਤੋਂ ਪਹਿਲਾਂ Rough Report ਦਾ ਪ੍ਰਿੰਟ ਲੈ ਕੇ ਸਮੂਹ ਵਿਦਿਆਰਥੀਆਂ ਦਾ ਨਤੀਜਾ ਚੰਗੀ ਤਰ੍ਹਾਂ ਘੋਖ ਲਿਆ ਜਾਵੇ ਅਤੇ ਜੇਕਰ ਕੋਈ ਸੋਧ ਲੋੜੀਂਦੀ ਹੋਵੇ ਤਾਂ ਉਹ ਸੋਧ ਕਰਨ ਉਪਰੰਤ ਹੀ Final Submission ਕੀਤੀ ਜਾਵੇ। ਜੇਕਰ ਫਿਰ ਵੀ ਕਿਸੇ ਸਕੂਲ ਦੇ ਕਿਸੇ ਵਿਦਿਆਰਥੀ ਦੇ ਨਤੀਜੇ ਵਿੱਚ ਕੋਈ ਗਲਤੀ ਰਹਿ ਜਾਂਦੀ ਹੈ ਅਤੇ ਕੋਈ ਸੋਧ ਕਰਨੀ ਲੋੜੀਂਦੀ ਹੈ ਤਾਂ ਉਪਰੋਕਤ

ਸ਼ਡਿਊਲ ਅਨੁਸਾਰ ਸਕੂਲ ਪੱਧਰ ਤੇ ਹੀ Online Payment Gateway ਰਾਹੀਂ ਆਨ-ਲਾਈਨ payment ਕਰਨ ਉਪਰੰਤ ਨਤੀਜੇ ਦੀ ਸੋਧ ਕੀਤੀ ਜਾ ਸਕਦੀ ਹੈ।

ਉਪਰੋਕਤ ਤੋ ਇਲਾਵਾ ਸੈਸ਼ਨ 2025-26 ਲਈ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦਾ ਨਤੀਜਾ ਆਨ-ਲਾਈਨ ਅੱਪਲੋਡ ਕਰਨ ਤੋਂ ਬਾਅਦ ਹੀ ਸਕੂਲ ਛੱਡਣ ਦਾ ਸਰਟੀਫਿਕੇਟ ਜਨਰੇਟ ਕੀਤਾ ਜਾ ਸਕੇਗਾ। ਜੋ ਵਿਦਿਆਰਥੀ ਆਪਣਾ ਸਕੂਲ ਛੱਡ ਕੇ ਕਿਸੇ ਹੋਰ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ, ਉਨ੍ਹਾਂ ਵਿਦਿਆਰਥੀਆਂ ਦਾ ਸਕੂਲ ਛੱਡਣ ਦਾ ਸਰਟੀਫਿਕੇਟ ਆਨਲਾਈਨ ਜਨਰੇਟ ਕਰਨ ਦੀ ਸੁਵਿਧਾ ਵੀ ਦਿੱਤੀ ਜਾਂਦੀ ਹੈ, ਜੋ ਕਿ ਸੈਸ਼ਨ 2026-27 ਲਈ ਦਾਖਲੇ ਦੀ ਨਿਰਧਾਰਿਤ ਅੰਤਿਮ ਮਿਤੀ ਤੱਕ ਜਨਰੇਟ ਕੀਤੇ ਜਾ ਸਕਦੇ ਹਨ। ਸੈਸ਼ਨ 2025-26 ਲਈ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦੇ ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਜਿਨ੍ਹਾਂ ਦੇ ਅਧੂਰੇ ਜਾਂ ਸਹੀ ਦਸਤਾਵੇਜ਼ ਨਾ ਹੋਣ ਕਾਰਨ ਰਜਿਸਟ੍ਰੇਸ਼ਨ ਨੰਬਰ ਬੋਰਡ ਵੱਲੋਂ ਜਾਰੀ ਨਹੀਂ ਕੀਤੇ ਗਏ ਅਤੇ Online Error ਲੱਗੇ ਹੋਏ ਹਨ, ਉਨ੍ਹਾਂ ਵਿਦਿਆਰਥੀਆਂ ਦਾ ਸਕੂਲ ਛੱਡਣ ਦਾ ਸਰਟੀਫਿਕੇਟ ਆਨ-ਲਾਈਨ ਜਨਰੇਟ ਨਹੀਂ ਹੋ ਸਕੇਗਾ। ਉਹਨਾਂ ਵਿਦਿਆਰਥੀਆਂ ਦੇ Error ਸਬੰਧੀ ਦਸਤਾਵੇਜ਼ ਰਜਿਸਟ੍ਰੇਸ਼ਨ ਸ਼ਾਖਾ ਵਿੱਚ ਜਮ੍ਹਾਂ ਕਰਵਾਕੇ ਰਜਿਸਟ੍ਰੇਸ਼ਨ ਨੰਬਰ ਜਾਰੀ ਕਰਵਾਉਣ ਉਪਰੰਤ ਹੀ ਉਹਨਾਂ ਵਿਦਿਆਰਥੀਆਂ ਦਾ ਆਨ-ਲਾਈਨ ਸਕੂਲ ਛੱਡਣ ਦਾ ਸਰਟੀਫਿਕੇਟ ਜਨਰੇਟ ਕਰਨ ਦੀ Option ਖੁੱਲੇਗੀ।

**ਨੋਟ:- (1) ਜਿੰਨ੍ਹਾਂ ਵਿਦਿਆਰਥੀਆਂ ਦੀ ਨੌਵੀਂ ਜਾਂ ਗਿਆਰ੍ਹਵੀਂ ਸ਼੍ਰੇਣੀ ਵਿੱਚ Re-appear ਆਈ ਹੈ, ਉਨ੍ਹਾਂ ਦਾ ਨਤੀਜਾ Re-appear ਅਤੇ ਜਿਨ੍ਹਾਂ ਵਿਦਿਆਰਥੀਆਂ ਦਾ ਨਤੀਜਾ ਲੇਟ ਹੈ ਉਨ੍ਹਾਂ ਦਾ ਨਤੀਜਾ RL ਰੱਖਿਆ ਜਾਵੇ । Re-appear ਵਾਲੇ ਵਿਸ਼ੇ ਪਾਸ ਕੀਤੇ ਜਾਣ ਉਪਰੰਤ ਹੀ ਵਿਦਿਆਰਥੀ ਦਾ ਰਿਜ਼ਲਟ ਅਪਲੋਡ/ਨਤੀਜੇ ਵਿੱਚ ਸੋਧ ਕੀਤੀ ਜਾਵੇ।**

**(2) ਸੈਸ਼ਨ 2025-26 ਦੌਰਾਨ ਜਿਨ੍ਹਾਂ ਵਿਦਿਅਰਥੀਆਂ ਦੀ ਦਸਵੀਂ ਸ਼੍ਰੇਣੀ ਵਿੱਚ Re-appear ਹੋਣ ਕਾਰਨ ਗਿਆਰ੍ਹਵੀਂ ਸ਼੍ਰੇਣੀ ਵਿੱਚ Provisional ਦਾਖਲਾ ਦਿੱਤਾ ਸੀ, ਉਨ੍ਹਾਂ ਵਿਦਿਆਰਥੀਆਂ ਵੱਲੋਂ ਜੇਕਰ ਪਹਿਲੇ ਦੋ ਮੌਕਿਆਂ ਵਿੱਚ ਦਸਵੀਂ ਪਾਸ ਕੀਤੀ ਜਾਂਦੀ ਹੈ ਤਾਂ ਹੀ ਉਨ੍ਹਾਂ ਵਿਦਿਆਰਥੀਆਂ ਦਾ ਗਿਆਰ੍ਹਵੀਂ ਸ਼੍ਰੇਣੀ ਦਾ ਨਤੀਜਾ ਪਾਸ/ਫੇਲ ਅੱਪਲੋਡ ਕੀਤਾ ਜਾਵੇ ਨਹੀਂ ਤਾਂ ਉਨ੍ਹਾਂ ਵਿਦਿਆਰਥੀਆਂ ਦਾ ਨਤੀਜਾ Cancel ਹੀ ਭਰਿਆ ਜਾਵੇ।**

ਡਾਇਰੈਕਟਰ (ਕੰਪਿਊਟਰ)